ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰ.ਪ., ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ-0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਸਮੂਹ School of Eminence ਸਕੂਲ ਮੁੱਖੀ,
ਪੰਜਾਬ।

ਮੀਮੋ ਨੰ: SCERT-SDP01/124/2025-SDP-SCERT-Part(1)/1013519/177
ਮਿਤੀ : ਐਸ.ਏ.ਐਸ.ਨਗਰ, 11 -06-2026

ਵਿਸ਼ਾ:- ਅਕਾਦਮਿਕ ਸਾਲ 2026-27 ਲਈ School of Eminence (SOE) ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਦੇ SOE ਸੈਕਸ਼ਨਾਂ ਦੀਆਂ ਖਾਲੀ ਸੀਟਾਂ ਭਰਨ ਸੰਬੰਧੀ।

ਹਵਾਲਾ:- ਇਸ ਦਫ਼ਤਰ ਪੱਤਰ ਮੀਮੋ ਨੰ: SCERT-SDP01/124/2025-SDP-SCERT-Part(1)/1013519/145-148 ਮਿਤੀ : ਐਸ.ਏ.ਐਸ ਨਗਰ, 15-05-2026 ਦੀ ਲਗਾਤਾਰਤਾ ਵਿੱਚ।

1.0 ਉਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਨਮੁੱਖ ਦੱਸਿਆ ਜਾਂਦਾ ਹੈ ਕਿ School of Eminence (SOE) ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਵਿੱਚ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਖਾਲੀ ਸੀਟਾਂ de-reserve ਕਰਕੇ ਸਰਕਾਰੀ ਸਕੂਲਾਂ ਦੇ ਕੁਆਲੀਫਾਈਡ ਵਿਦਿਆਰਥੀਆਂ ਨੂੰ ਅਲਾਟ ਕਰਨ ਉਪਰੰਤ ਦਾਖਲਾ ਕੀਤਾ ਜਾ ਰਿਹਾ ਹੈ।

2.0 ਉਕਤ ਤੋਂ ਬਾਅਦ ਵੀ ਇਹ ਧਿਆਨ ਵਿੱਚ ਆਇਆ ਹੈ ਕਿ ਕਈ SOE ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਦੇ SOE ਸੈਕਸ਼ਨਾਂ ਵਿੱਚ ਸੀਟਾਂ ਖਾਲੀ ਰਹਿ ਗਈਆਂ ਹਨ।

3.0 ਉਕਤ ਦੇ ਸਨਮੁੱਖ ਜੇਕਰ ਕਿਸੇ ਵੀ SOE ਸਕੂਲ ਦੀਆਂ 9ਵੀਂ ਅਤੇ 11ਵੀਂ ਜਮਾਤਾਂ ਦੇ SOE ਸੈਕਸ਼ਨਾਂ ਦੀਆਂ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਕਿਸੇ ਵੀ ਕੈਟਾਗਿਰੀ ਦੀਆਂ ਖਾਲੀ ਸੀਟਾਂ ਹਨ ਅਤੇ ਜੇਕਰ ਇਹਨਾਂ ਸੀਟਾਂ ਲਈ ਉਸ ਸਕੂਲ ਅਧੀਨ ਕੋਈ ਵੀ ਕੁਆਲੀਫਾਈਡ ਵਿਦਿਆਰਥੀ ਉਪਲੱਬਧ ਨਹੀਂ ਹੈ ਤਾਂ ਨਾਲ ਲਗਦੇ SOE ਸਕੂਲਾਂ/ਨਾਲ ਲਗਦੇ ਜ਼ਿਲ੍ਹਿਆਂ ਦੇ SOE ਸਕੂਲਾਂ ਦੇ ਉਸੇ ਕੈਟਾਗਿਰੀ ਦੇ ਕੁਆਲੀਫਾਈਡ/ਯੋਗ ਵਿਦਿਆਰਥੀਆਂ ਨੂੰ ਇਹ ਖਾਲੀ ਸੀਟਾਂ ਅਲਾਟ ਕਰਦੇ ਹੋਏ ਮਿਤੀ 12-06-2026 ਤੱਕ ਭਰੀਆਂ ਜਾਣ।

4.0 ਜੇਕਰ ਕਿਸੇ SOE ਸਕੂਲ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਕਿਸੇ ਵੀ ਕੈਟਾਗਿਰੀ ਦੀਆਂ ਖਾਲੀ ਸੀਟਾਂ ਲਈ ਜੇਕਰ ਉਸ ਸਕੂਲ ਦਾ ਜਾਂ ਨਾਲ ਲਗਦੇ ਸਕੂਲ ਦਾ ਕੋਈ ਵੀ ਕੁਆਲੀਫਾਈ ਵਿਦਿਆਰਥੀ ਉਪਲੱਬਧ ਨਹੀਂ ਹੈ ਤਾਂ ਉਸ ਕੈਟਾਗਿਰੀ ਦੀਆਂ ਸੀਟਾਂ ਨੂੰ General (open) ਕੈਟਾਗਿਰੀ ਵਿੱਚ De-reserve ਕਰਕੇ ਸਰਕਾਰੀ/ਪ੍ਰਾਈਵੇਟ ਸਕੂਲਾਂ ਦੇ ਕੁਆਲੀਫਾਈਡ ਵਿਦਿਆਰਥੀਆਂ ਨੂੰ ਮਿਤੀ 15-06-2026 ਤੱਕ ਅਲਾਟ ਕਰਦੇ ਹੋਏ ਖਾਲੀ ਸੀਟਾਂ ਭਰੀਆਂ ਜਾਣ।

5.0 ਜੇਕਰ ਕੋਈ ਵੀ ਵਿਦਿਆਰਥੀ ਨਾਲ ਲੱਗਦੇ SOE ਸਕੂਲਾਂ/ਨਾਲ ਲਗਦੇ ਜਿਲ੍ਹਿਆਂ ਦੇ SOE ਸਕੂਲਾਂ ਵਿੱਚੋਂ ਕਿਸੇ ਵੀ ਸਕੂਲ, ਜਿਸ ਨਾਲ ਵਿਦਿਆਰਥੀ ਮੈਪ ਨਹੀਂ ਹੈ, ਵਿੱਚ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਇਸ ਸੰਬੰਧੀ ਵਿਦਿਆਰਥੀ/ਨਾਨ-ਮੈਪਡ ਸਕੂਲ ਮੁੱਖੀ ਵੱਲੋਂ ਮੈਪਡ ਸਕੂਲ ਦੇ ਸਕੂਲ ਮੁੱਖੀ ਤੋਂ ਇਜ਼ਾਜ਼ਤ ਲੈਣ ਉਪਰੰਤ ਹੀ ਨਾਨ-ਮੈਪਡ ਸਕੂਲ ਵਿੱਚ ਦਾਖਲਾ ਲੈਣ ਲਈ ਯੋਗ ਹੋਣਗੇ। ਇਸ ਤਰ੍ਹਾਂ ਮੈਪਡ ਅਤੇ ਨਾਨ-ਮੈਪਡ ਸਕੂਲਾਂ ਵੱਲੋਂ ਪ੍ਰਵੇਸ਼ ਪ੍ਰੀਖਿਆ ਦੇ ਨਤੀਜੇ ਵਿੱਚ ਦਾਖਲੇ ਲਈ ਅਲਾਟ ਹੋਏ ਵਿਦਿਆਰਥੀਆਂ ਦੇ ਦਾਖਲੇ ਦਾ ਰਿਕਾਰਡ ਰੱਖਿਆ ਜਾਵੇ।

6.0 ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸਾਰੀ ਪ੍ਰਕ੍ਰਿਆ ਕਰਦੇ ਹੋਏ School of Eminence (SOE) ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਦੇ SOE ਸੈਕਸ਼ਨਾਂ ਦੀਆਂ ਸਾਰੀਆਂ ਸੀਟਾਂ ਮਿਤੀ 15-06-2026 ਤੱਕ ਭਰੀਆਂ ਜਾਣ।

7.0 ਉਕਤ ਤੋਂ ਇਲਾਵਾ School of Eminence (SOE) ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਦੇ SOE ਸੈਕਸ਼ਨਾਂ ਦੇ ਚਲ ਰਹੇ ਦਾਖਲਿਆਂ ਦੌਰਾਨ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਫੀਡਰ ਸਕੂਲਾਂ ਦੇ ਸਕੂਲ ਮੁੱਖੀਆਂ ਵੱਲੋਂ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਨਹੀਂ ਭੇਜਿਆ ਜਾ ਰਿਹਾ ਹੈ। ਜਿਸ ਕਾਰਨ ਕਈ SOE ਸਕੂਲਾਂ ਵਿੱਚ ਸੀਟਾਂ ਖਾਲੀ ਰਹਿ ਰਹੀਆਂ ਹਨ। ਇਸ ਲਈ ਇਸ ਸੰਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਨਾ ਭੇਜਣ ਵਾਲੇ ਸਕੂਲ ਮੁੱਖੀਆਂ ਵਿਰੁੱਧ ਆਪ ਵੱਲੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ School of Eminence (SOE) ਸਕੂਲਾਂ ਵਿੱਚ 9ਵੀਂ ਅਤੇ 11ਵੀਂ ਜਮਾਤਾਂ ਦੇ SOE ਸੈਕਸ਼ਨਾਂ ਦੀਆਂ ਸਾਰੀਆਂ ਸੀਟਾਂ ਭਰ ਸਕਣ।

ਕਿਰਨ ਸ਼ਰਮਾ, ਪੀ.ਸੀ.ਐੱਸ.
ਡਾਇਰੈਕਟਰ, ਐੱਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ.: ਉਕਤ/178-180 ਮਿਤੀ:- ਐਸ.ਏ.ਐਸ. ਨਗਰ, 09 -06-2026

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

ਸਹਾਇਕ ਡਾਇਰੈਕਟਰ
ਐੱਸ.ਸੀ.ਈ.ਆਰ.ਟੀ. ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ ਬੀ-1(ਟ) 2026/ ਮਿਤੀ 11-06-2026

ਉਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ, ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

11/06/26
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।
12/06/2026